ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫਤਰ ਮੁੱਖ ਇੰਜ:/ਐਚ.ਆਰ.ਡੀ, ਆਈ.ਆਰ.ਪੀ.ਸੈਲ ਪਟਿਆਲਾ)

ਵੱਲ

1. ਏ.ਡੀ.ਜੀ.ਪੀ/ਵੀ ਅਤੇ ਐਸ, ਪੰ:ਸ:ਪਾ:ਕਾ:ਲਿਮ:, ਪਟਿਆਲਾ ।
2. ਸਾਰੇ ਇੰਜੀ:-ਇਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ: ਅਧੀਨ ਪੰ:ਸ:ਪਾ:ਕਾ: ਲਿਮ: ਵਿਖੇ।
3. ਮੁੱਖ ਪ੍ਰਬੰਧਕੀ ਪੰ:ਸ:ਪਾ:ਕਾ: ਲਿਮ ।
4. ਸਮੂਹ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀ: ਅਧੀਨ ਪੰ:ਸ:ਪਾ:ਕਾ: ਲਿਮ ਵਿਖੇ।
5. ਵਿੱਤੀ ਸਲਾਹਕਾਰ, ਪੰ:ਸ:ਪਾ:ਕਾ: ਲਿਮ:, ਪਟਿਆਲਾ ਵਿਖੇ।
6. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਮੁੱਖ ਲੇਖਾ ਅਫਸਰ ਅਤੇ ਚੀਫ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪੰ:ਸ:ਪਾ:ਕਾ: ਲਿਮ: ਵਿਖੇ।
7. ਸਮੂਹ ਵਧੀਕ ਨਿਗ:ਇੰਜੀ:/ਸੀਨੀ:ਕਾ:ਕਾ:ਇੰਜੀ: ਪੰ:ਸ:ਪਾ:ਕਾ: ਲਿਮ: ਵਿਖੇ।
8. ਸਾਰੇ ਉਪ ਸਕੱਤਰ/ਅਧੀਨ ਸਕੱਤਰ ਪੰ:ਸ:ਪਾ:ਕਾ: ਲਿਮ: ਵਿਖੇ।

ਮੀਮੋ ਨੰ: 6686/7356/ਆਈ.ਆਰ.ਪੀ-35ਵਾ-6

ਮਿਤੀ 2-2-12

ਵਿਸ਼ਾ: **ਦੂਜੇ ਰਾਜਾਂ ਤੋਂ ਪੰਜਾਬ ਰਾਜ ਵਿਚ ਮਾਈਗਰੇਟ( Migrate ) ਹੋ ਕੇ ਆਏ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਨੁਸੂਚਿਤ ਜਾਤੀਆਂ ਲਈ ਉਪਲੱਬਧ ਲਾਭ ਦੇਣ ਬਾਰੇ।**

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਭਲਾਈ ਵਿਭਾਗ(ਰਿਜ਼ਰਵੇਸ਼ਨ ਸੈਲ), ਚੰਡੀਗੜ੍ਹ ਦੇ ਪੱਤਰ ਨੰ:1/9/2011-ਰਸ1/878 ਮਿਤੀ 21.10.2011 ਦੀ ਨਕਲ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਹੂ-ਬਹੂ ਕੀਤੀ ਜਾਵੇ, ਕਿਉਂਕਿ ਪੰ:ਸ:ਪਾ:ਕਾ: ਲਿਮ: ਵੱਲੋਂ ਇਹ ਪੱਤਰ ਇਸ ਵਿਚ ਦਰਜ ਹਦਾਇਤਾਂ ਮੁਤਾਬਿਕ ਪਾਲਣਾ ਲਈ ਅਪਣਾ ਲਿਆ ਗਿਆ ਹੈ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ/ਉਪਰੋਕਤ ਅਨੁਸਾਰ

ਸਹੀ/-
ਉਪ ਸਕੱਤਰ/ਸੇਵਾਵਾਂ-2
ਪੰ:ਰਾ:ਬਿ:ਬੋ:, ਪਟਿਆਲਾ।

ਪਿੱਠ ਅੰਕਣ: 7357/7365/ਆਈ.ਆਰ.ਪੀ-35ਵਾ-6 ਮਿਤੀ 2-2-12

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੈਂਬਰ, ਪਾਵਰ, ਬੀਬੀਐਮਬੀ, ਚੰਡੀਗੜ੍ਹ।
2. ਸਾਰੇ ਮੁੱਖ ਇੰਜੀਨੀਅਰ, ਬੀਬੀਐਮਬੀ/ਬੀਸੀਬੀ।
3. ਸਕੱਤਰ/ ਬੀਬੀਐਮਬੀ, ਚੰਡੀਗੜ੍ਹ।
4. ਐਸ.ਈ./ਇਲੈ.ਯੂਨੀਅਨ, ਟੈਰੀਟਰੀ, ਚੰਡੀਗੜ੍ਹ।
5. ਰੈਜੀਡੈਂਟ ਆਡਿਟ ਆਫਿਸਰ, ਪਟਿਆਲਾ।
6. ਉਪ ਵਿੱਤ ਸਲਾਹਕਾਰ ਅਤੇ ਮੁ.ਲੇ.ਅ., ਬੀਬੀਐਮਬੀ, ਨੰਗਲ।
7. ਵਿੱਤ ਸਲਾਹਕਾਰ ਅਤੇ ਮੁ.ਲੇ.ਅ., ਬਿਆਸ ਪ੍ਰੋਜੈਕਟ ਤਲਵਾੜਾ ਟਾਊਨਸ਼ਿਪ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਸੇਵਾਵਾਂ-2
ਪੰ:ਰਾ:ਬਿ:ਬੋ:, ਪਟਿਆਲਾ।

ਸੀ:ਸੀ:1. ਉਪ ਮੁੱਖ ਇੰਜਨੀਅਰ/ਆਈ.ਟੀ.ਪੰ.ਰਾ.ਪਾ.ਕਾ.ਲਿਮਿ. ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਸਮੇਤ ਸਹਿਲੱਗ ਦੇ ਪੰ:ਰਾ:ਪਾ:ਕਾ: ਲਿਮਿ:ਪਟਿਆਲਾ ਦੀ ਵੈਬਸਾਈਟ ਤੇ ਪਾ ਦਿੱਤਾ ਜਾਵੇ ਜੀ।

2 ਸੀ:ਕਾ:ਕਾ:ਇੰਜੀ:-ਕਮ-ਨੋਡਲ ਅਫਸਰ, ਏ ਪੀ ਡੀ ਆਰ ਪੀ ਸੈਲ ਪੰ:ਸ:ਪਾ:ਕਾ: ਲਿਮ: ਪਟਿਆਲਾ।

# ਪੰਜਾਬ ਸਰਕਾਰ
## ਭਲਾਈ ਵਿਭਾਗ
## (ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਮੀਮੋ ਨੰ: 1/9/2011-ਰਸ1/ 878

ਮਿਤੀ, ਚੰਡੀਗੜ੍ਹ 21.10.11

ਵਿਸ਼ਾ: ਦੂਜੇ ਰਾਜਾਂ ਤੋ ਪੰਜਾਬ ਰਾਜ ਵਿਚ ਮਾਈਗਰੇਟ( **Migrate** ) ਹੋ ਕੇ ਆਏ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਨੁਸੂਚਿਤ ਜਾਤੀਆਂ ਲਈ ਉਪਲੱਬਧ ਲਾਭ ਦੇਣ ਬਾਰੇ।

****

ਉਪਰੋਕਤ ਵਿਸ਼ੇ ਤੇ ਪ੍ਰਬੰਧਕੀ ਵਿਭਾਗ ਦੀ ਫਾਈਲ ਨੰ: 17/85/11/ਰਸ-1 ਮਿਤੀ 27-੭-11 ਦੇ ਹਵਾਲੇ ਵਿਚ।

2. ਇਸ ਸਬੰਧ ਵਿਚ ਦੱਸਿਆਂ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਪੱਤਰ ਨੰ: ਸੀ.ਸੀ. 1614, ਮਿਤੀ 6-8-1984 ਰਾਹੀ ਜਾਰੀ ਹਦਾਇਤਾਂ ਦੇ ਸਨਮੁੱਖ ਭਲਾਈ ਵਿਭਾਗ ਵੱਲੋ ਆਪਣੇ ਪੱਤਰ ਨੰ: 1/52/19-ਰਸ1/713, ਮਿਤੀ 17-1-1996 ਰਾਹੀ ਸਪੱਸ਼ਟ ਕੀਤਾ ਗਿਆ ਸੀ ਕਿ ਦੂਜੇ ਰਾਜਾਂ ਤੋ ਮਾਈਗਰੇਟ ਹੋ ਕੇ ਆਏ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਪੰਜਾਬ ਰਾਜ ਵਿਚ ਅਨੁਸੂਚਿਤ ਜਾਤੀ ਲਈ ਉਪਲਬਧ ਲਾਭ ਨਹੀ ਦਿੱਤੇ ਜਾ ਸਕਦੇ।ਇਸ ਸਬੰਧੀ ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 6-8-1984 ਵਿਚ ਹੇਠ ਲਿਖੇ ਅਨੁਸਾਰ ਸਪੱਸ਼ਟ ਕੀਤਾ ਗਿਆ ਹੈ:-

"It is however, clarified that the Scheduled Caste/Scheduled Tribe person on migration from the state of his origin to another State will not lose his status as Scheduled Caste/Scheduled Tribe but he will be entitled to the concessions/benefits admissible to the Scheduled Castes/Scheduled Tribes from the State of his origin and not from the State where he has migrated."

3. ਇਸ ਸਬੰਧੀ ਭਲਾਈ ਵਿਭਾਗ ਵੱਲੋ ਆਪਣੇ ਪੱਤਰ ਨੰ: 15/13/1999/1134, ਮਿਤੀ 2-12-1999 ਰਾਹੀ ਸਪੱਸ਼ਟੀਕਰਨ ਵੀ ਜਾਰੀ ਕੀਤਾ ਗਿਆ ਸੀ।ਜਿਥੋ ਤੱਕ ਦੂਜੇ ਰਾਜਾਂ ਤੋ ਮਾਈਗ੍ਰੇਟ ਹੋ ਕੇ ਆਏ ਅਨੁਸੂਚਿਤ ਜਾਤੀ ਦੇ ਵਿਅਕਤੀਆਂ, ਜੋ ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 6-8-1984 ਤੋਂ ਪਹਿਲਾ ਨੌਕਰੀ ਵਿਚ ਆ ਗਏ ਸਨ, ਨੂੰ ਤਰੱਕੀ ਵਿੱਚ ਲਾਭ ਦੇਣ ਦਾ ਸਵਾਲ ਹੈ, ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਲਾਭ ਉਹਨਾਂ ਨੂੰ ਨਹੀ ਦਿੱਤਾ ਜਾ ਸਕਦਾ ਕਿਉਕਿ ਉਹ ਤਰੱਕੀ ਵਿੱਚ ਲਾਭ ਉਦੋ ਮੰਗ ਰਹੇ ਹਨ, ਜਦੋ ਇਹ ਹਦਾਇਤਾਂ ਹੋਂਦ ਵਿੱਚ ਹਨ।

4. ਇਹ ਪੱਤਰ ਮਾਣਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

-ਸਹੀ-
ਸੰਯੁਕਤ ਸਕੱਤਰ/ਭਲਾਈ

ਪਿਠਅੰਕਣ ਨੰ:1/9/2011-ਰਸ1/879 ਮਿਤੀ, ਚੰਡੀਗੜ੍ਹ21.10.11

ਉਪਰੋਕਤ ਦਾ ਇਕ ਉਤਾਰਾ ਮੁੱਖ ਇੰਜੀਨੀਅਰ, ਸਿੰਚਾਈ ਵਿਭਾਂਗ, ਪੰਜਾਬ, ਚੰਡੀਗੜ ਨੂੰ ਉਹਨਾਂ ਦੇ ਪੱਤਰ ਨੰਬਰ 9100/2ਪ੍ਰਸਾਸਨ/2011, ਮਿਤੀ 1-7-2011 ਦੇ ਹਵਾਲੇ ਵਿੱਚ ਸੂਚਨਾ ਤੇ ਅਗਲੇਰੀ ਕਾਰਵਾਈ. ਹਿੱਤ ਭੇਜਿਆ ਜਾਂਦਾ ਹੈ।

-ਸਹੀ-
ਸੰਯੁਕਤ ਸਕੱਤਰ/ਭਲਾਈ

ਪਿਠਅੰਕਣ ਨੰ:1/9/2011-ਰਸ1/880 ਮਿਤੀ, ਚੰਡੀਗੜ੍ਹ21.10.11.

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
2. ਸਮੂਹ ਵਿਭਾਗਾਂ ਦੇ ਮੁੱਖੀ।
3. ਸਮੂਹ ਡਿਪਟੀ ਕਮਿਸ਼ਨਰ।
4. ਸਮੂਹ ਉਪ ਮੰਡਲ ਮੈਜਿਸਟਰੇਟ।
5. ਸਮੂਹ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਮੁੱਖੀ।

-ਸਹੀ-
ਸੰਯੁਕਤ ਸਕੱਤਰ/ਭਲਾਈ

ਪਿਠਅੰਕਣ ਨੰ:1/9/2011-ਰਸ1/881 ਮਿਤੀ, ਚੰਡੀਗੜ੍ਹ21.10.11

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ ਭਲਾਈ ਵਿਭਾਗ, ਪੰਜਾਬ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-
ਸੰਯੁਕਤ ਸਕੱਤਰ/ਭਲਾਈ